# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 23-08-2024**

- ਦੇਸ਼ ਅੱਜ ਪਹਿਲਾ ਪੁਲਾੜ ਦਿਵਸ ਮਨਾ ਰਿਹਾ ਏ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਇਸ ਮੌਕੇ ਕਿਹਾ ਕਿ ਇਸਰੋ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਅਮੁੱਲ ਯੋਗਦਾਨ ਪਾਇਆ ਏ।
- ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਨਵਾਂਸ਼ਹਿਰ ਦੇ 'ਰਕਾਸਨ' ਵਿਖੇ ਸਥਿਤ ਭਗਵਾਨ ਪਰਸ਼ੂਰਾਮ ਦੇ ਜਨਮ ਅਸਥਾਨ ਤੇ ਵਿਸ਼ਾਲ ਤੀਰਥ ਅਸਥਾਨ ਦਾ ਨਿਰਮਾਣ ਕਰਨ ਦਾ ਐਲਾਨ ਕੀਤਾ।
- ਪੰਜਾਬ ਵਿਚ ਬੱਚਿਆਂ ਦੇ ਸ਼ੁਰੂਆਤੀ ਬਚਪਨ ਦੀ ਸਿੱਖਿਆ ਲਈ ‘ਆਰੰਭ’ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਏ।

- ਵਿਦੇਸ਼ ਮੰਤਰਾਲੇ ਅਨੁਸਾਰ ਨਵੀਂ ਦਿੱਲੀ ਨੇ ਕਤਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਜ਼ਬਤ ਕਰਨ ਦਾ ਮਾਮਲਾ ਕਤਰ ਦੇ ਪੱਖ ਕੋਲ ਚੁੱਕਿਆ ਏ।

---

ਦੇਸ਼ ਅੱਜ ਪਹਿਲਾ ਪੁਲਾੜ ਦਿਵਸ ਮਨਾ ਰਿਹਾ ਏ। ਇਹ ਦਿਨ ਚੰਦਰਯਾਨ ਦੀ ਸਫਲਤਾ ਨੂੰ ਸਮਰਪਿਤ ਏ। ਇਸ ਸਬੰਧ ਵਿੱਚ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਅੱਜ ਇਕ ਸਮਾਗਮ ਦਾ ਉਦਘਾਟਨ ਕਰਦੇ ਹੋਏ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਇਸਰੋ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਅਮੁੱਲ ਯੋਗਦਾਨ ਪਾਇਆ ਏ। ਰਾਸ਼ਟਰਪਤੀ ਨੇ ਕਿਹਾ ਕਿ ਇਸਰੋ ਦੀ ਯਾਤਰਾ ਸ਼ੁਰੂ ਤੋਂ ਹੀ ਸ਼ਾਨਦਾਰ ਰਹੀ ਏ ਅਤੇ ਪੁਲਾੜ ਦੀ ਤਰੱਕੀ ਭਾਰਤ ਦੀ ਤਰੱਕੀ ਏ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਭਾਰਤ ਦੇ ਪੁਲਾੜ ਪ੍ਰੋਗਰਾਮ ਦਾ ਉਦੇਸ਼ ਸਮਾਜਿਕ ਤੇ ਆਰਥਿਕ ਤਰੱਕੀ ਨੂੰ ਉਤਸ਼ਾਹਿਤ ਕਰਨਾ ਏ। ਉਨਾਂ ਪੁਲਾੜ ਤਕਨੀਕਾਂ ਅਤੇ

ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕਰਨ ਵਾਲੀ ਪ੍ਰਦਰਸ਼ਨੀ ਦਾ ਦੌਰਾ ਕੀਤਾ । ਇਸ ਮੌਕੇ ਕੇਂਦਰੀ ਮੰਤਰੀ ਡਾ. ਜਤਿੰਦਰ ਸਿੰਘ ਅਤੇ ਇਸਰੋ ਦੇ ਚੇਅਰਮੈਨ ਐਸ. ਸੋਮਨਾਥ ਵੀ ਮੌਜੂਦ ਸਨ । ਇਸ ਸਾਲ ਦਾ ਵਿਸ਼ਾ ''ਚੰਦਰਮਾ ਨੂੰ ਛੂਹੰਦੇ ਹੋਏ ਜੀਵਨ ਨੂੰ ਛੋਹਣਾ- ਭਾਰਤ ਦੀ ਪੁਲਾੜ ਗਾਥਾ'' ਰੱਖਿਆ ਗਿਆ ਏ । ਦੇਸ਼ ਦੇ ਵੱਖ ਸੂਬਿਆਂ ਵਿਚ ਵੀ ਕਈ ਸਮਾਗਮ ਕਰਵਾਏ ਜਾ ਰਹੇ ਨੇ।ਜ਼ਿਕਰਯੋਗ ਏ ਕਿ ਪਿਛਲੇ ਸਾਲ ਅੱਜ ਦੇ ਹੀ ਦਿਨ ਚੰਦਰਯਾਨ- 3 ਮਿਸ਼ਨ ਦੌਰਾਨ, ਵਿਕਰਮ ਲੈਂਡਰ ਦੀ ਚੰਦਰਮਾ ਦੀ ਸਤ੍ਹਾ 'ਤੇ ਸੁਰੱਖਿਅਤ ਤੇ ਸਾਫਟ ਲੈਂਡਿੰਗ ਹੋਈ ਸੀ । ਇਸ ਨਾਲ ਭਾਰਤ ਚੰਦਰਮਾ 'ਤੇ ਉਤਰਨ ਵਾਲਾ ਚੌਥਾ ਅਤੇ ਚੰਦਰਮਾ ਦੇ ਦੱਖਣੀ ਧਰੁਵੀ ਖੇਤਰ ਦੇ ਨੇੜੇ ਉਤਰਨ ਵਾਲਾ ਪਹਿਲਾ ਦੇਸ਼ ਬਣ ਗਿਆ ਸੀ ।

---------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਹਿਲੇ ਰਾਸ਼ਟਰੀ ਪੁਲਾੜ

ਦਿਵਸ 'ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਏ। ਪ੍ਰਧਾਨ ਮੰਤਰੀ ਮੋਦੀ ਨੇ ਐਕਸ 'ਤੇ ਲਿਖਿਆ, ''ਪਹਿਲੇ ਰਾਸ਼ਟਰੀ ਪੁਲਾੜ ਦਿਵਸ 'ਤੇ ਸਾਰਿਆਂ ਨੂੰ ਵਧਾਈ। ਅਸੀਂ ਪੁਲਾੜ ਖੇਤਰ ਵਿੱਚ ਆਪਣੇ ਦੇਸ਼ ਦੀਆਂ ਪ੍ਰਾਪਤੀਆਂ ਨੂੰ ਬੜੇ ਮਾਣ ਨਾਲ ਯਾਦ ਕਰਦੇ ਹਾਂ। ਇਹ ਸਾਡੇ ਪੁਲਾੜ ਵਿਗਿਆਨੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਨ ਦਾ ਵੀ ਦਿਨ ਏ। ਸਾਡੀ ਸਰਕਾਰ ਨੇ ਇਸ ਖੇਤਰ ਨਾਲ ਸਬੰਧਤ ਕਈ ਭਵਿੱਖਮੁਖੀ ਫੈਸਲੇ ਲਏ ਨੇ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਫੈਸਲੇ ਲਵਾਂਗੇ।

--------------------------------------------------

ਨਵਾਂਸ਼ਹਿਰ ਵਿਧਾਨ ਸਭਾ ਹਲਕੇ 'ਚ ਸਥਿਤ ਭਗਵਾਨ ਪਰਸ਼ੂਰਾਮ ਦੇ ਜਨਮ ਅਸਥਾਨ 'ਰਕਾਸਨ' ਵਿਖੇ ਵਿਸ਼ਾਲ ਤੀਰਥ ਅਸਥਾਨ ਦਾ ਨਿਰਮਾਣ ਕੀਤਾ ਜਾਵੇਗਾ। ਇਹ ਐਲਾਨ ਕੇਂਦਰੀ ਸੈਰ-ਸਪਾਟਾ ਤੇ ਸੱਭਿਆਚਾਰ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕੱਲ 'ਰਕਸਾਨ' 'ਚ ਕਰਵਾਏ ਇਕ ਪ੍ਰੋਗਰਾਮ ਦੌਰਾਨ ਕੀਤਾ।

ਉਨਾਂ ਦੱਸਿਆ ਕਿ ਜਦੋਂ ਭਾਜਪਾ ਆਗੂ ਡਾ. ਸੁਭਾਸ਼ ਸ਼ਰਮਾ ਨੇ ਉਨ੍ਹਾਂ ਨੂੰ ਇਸ ਇਤਿਹਾਸਕ ਸਥਾਨ ਬਾਰੇ ਦੱਸਿਆ ਤਾਂ ਉਨ੍ਹਾਂ ਖੁਦ ਇੱਥੇ ਮੱਥਾ ਟੇਕਣ ਦਾ ਫੈਸਲਾ ਕੀਤਾ। ਇਸ ਇਤਿਹਾਸਕ ਸਥਾਨ ਨੂੰ ਸੱਭਿਆਚਾਰ ਤੇ ਸੈਰ-ਸਪਾਟੇ ਦਾ ਵੱਡਾ ਕੇਂਦਰ ਬਣਾਇਆ ਜਾਵੇਗਾ । ਉਨ੍ਹਾਂ ਕਿਹਾ ਕਿ ਪੰਜਾਬ ਦੀ ਇੱਕ ਵਿਸ਼ਾਲ ਸੱਭਿਆਚਾਰਕ ਵਿਰਾਸਤ ਏ ਜਿਸ ਨੂੰ ਬਚਾਉਣ ਲਈ ਮੋਦੀ ਸਰਕਾਰ ਵਚਨਬੱਧ ਏ। ਇਸ ਮੌਕੇ ਪੰਜਾਬ BJP ਦੇ ਸਾਬਕਾ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਏ ਕਿ ਡਾ: ਸੁਭਾਸ਼ ਸ਼ਰਮਾ ਵੱਲੋਂ ਕੀਤੇ ਯਤਨਾਂ ਨੂੰ ਫਲ ਮਿਲਿਆ ਏ। ਡਾ: ਸੁਭਾਸ਼ ਸ਼ਰਮਾ ਨੇ ਕਿਹਾ ਕਿ ਜਿਸ ਉਤਸ਼ਾਹ ਨਾਲ ਕੇਂਦਰੀ ਮੰਤਰੀ ਸ਼ੇਖਾਵਤ ਨੇ ਉਨ੍ਹਾਂ ਦੀ ਬੇਨਤੀ ਨੂੰ ਮਨਜ਼ੂਰੀ ਦਿੱਤੀ, ਉਸ ਲਈ ਉਹ ਹਮੇਸ਼ਾ ਉਨਾਂ ਦੇ ਰਿਣੀ ਰਹਿਣਗੇ । ਉਨ੍ਹਾਂ ਇਸ ਸ਼ਾਨਦਾਰ

ਸਮਾਗਮ ਦੇ ਆਯੋਜਨ ਲਈ 'ਰਕਾਸਨ' ਮੰਦਰ ਕਮੇਟੀ, ਗ੍ਰਾਮ ਪੰਚਾਇਤ ਅਤੇ ਬ੍ਰਾਹਮਣ ਸਭਾ ਨਵਾਂਸ਼ਹਿਰ ਦਾ ਧੰਨਵਾਦ ਕੀਤਾ।

---------------------------------------------------

ਸਰਕਾਰ ਨੇ ਐਂਟੀਬਾਇਓਟਿਕਸ, ਦਰਦ ਨਿਵਾਰਕ ਦਵਾਈਆਂ ਅਤੇ ਮਲਟੀ ਵਿਟਾਮਿਨਾਂ ਸਮੇਤ 156 ਦਵਾਈਆਂ 'ਤੇ ਪਾਬੰਦੀ ਲਗਾ ਦਿੱਤੀ ਏ। ਇਹ ਕਦਮ ਇਸ ਸਮੀਖਿਆ ਤੋਂ ਬਾਅਦ ਲਿਆ ਗਿਆ ਏ ਕਿ ਇਹ ਦਵਾਇਆਂ ਸਿਹਤ ਲਈ ਜੋਖਮ ਪੈਦਾ ਕਰਦਿਆਂ ਨੇ। ਸਿਹਤ ਮੰਤਰਾਲੇ ਨੇ ਇੱਕ ਨੋਟੀਫਿਕੇਸ਼ਨ ਵਿੱਚ ਕਿਹਾ ਏ ਕਿ 156 ਫਿਕਸਡ ਡੋਜ਼ ਮਿਸ਼ਰਨ ਦਵਾਈਆਂ ਤਰਕਹੀਣ ਨੇ। ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਦਵਾਈਆਂ ਦੀ ਵਰਤੋਂ ਨਾਲ ਮਨੁੱਖਾਂ ਲਈ ਜੋਖਮ ਹੋਣ ਦੀ ਸੰਭਾਵਨਾ ਏ ਜਦੋਂ ਕਿ ਸੁਰੱਖਿਅਤ ਬਦਲ ਉਪਲਬਧ ਨੇ। ਇਸ ਵਿਚ ਇਹ ਵੀ ਕਿਹਾ ਗਿਆ ਏ ਕਿ ਇਹ ਫੈਸਲਾ ਸਰਕਾਰ ਅਤੇ ਡਰੱਗਜ਼ ਟੈਕਨੀਕਲ ਐਡਵਾਈਜ਼ਰੀ

ਬੋਰਡ ਵਲੋਂ ਨਿਯੁਕਤ ਇਕ ਮਾਹਰ ਕਮੇਟੀ ਨੇ ਮਾਮਲੇ ਦੀ ਜਾਂਚ ਤੋਂ ਬਾਅਦ ਲਿਆ ਏ।

-----------------------------------------------------------

ਨਾਭਾ ਜੇਲ ਬ੍ਰੇਕ ਦੇ ਮੁੱਖ ਸਾਜ਼ਿਸ਼ ਕਰਤਾ ਰਮਨਜੀਤ ਸਿੰਘ ਉਰਫ ਰੋਮੀ ਨੂੰ ਭਾਰੀ ਸੁਰੱਖਿਆ ਹੇਠ ਅੱਜ ਤੜਕਸਾਰ 3 ਵਜੇ ਦੇ ਕਰੀਬ ਨਾਭਾ ਵਿਖੇ ਲਿਆਂਦਾ ਗਿਆ ਅਤੇ ਡਿਊਟੀ ਮੈਜਿਸਟਰੇਟ ਕੋਲ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 14 ਦਿਨ ਦੀ ਨਿਆਇਕ ਹਿਰਾਸਤ ਵਿੱਚ ਨਾਭਾ ਦੀ ਨਵੀਂ ਜਿਲ੍ਹਾ ਜੇਲ ਵਿੱਚ ਭੇਜ ਦਿੱਤਾ ਏ । ਜੇਲ ਭੇਜਣ ਤੋਂ ਪਹਿਲਾਂ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਉਸ ਦਾ ਮੈਡੀਕਲ ਵੀ ਕਰਵਾਇਆ ਗਿਆ। ਏ ਆਈ ਜੀ ਹਰਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਰਮਨਜੀਤ ਰੋਮੀ ਨਾਭਾ ਦੇ ਦੋ ਕੇਸਾਂ ਵਿੱਚ ਲੋੜੀਂਦਾ ਸੀ ਅਤੇ ਮੇਨ ਨਾਭਾ ਦੇ ਜੇਲ ਬਰੇਕ ਵਿੱਚ ਉਸ ਨੇ ਫੰਡਿੰਗ ਕੀਤੀ ਸੀ । ਉਨਾਂ ਕਿਹਾ ਪੁਲਿਸ ਨੇ ਬੜੀ ਮੇਹਨਤ ਸਦਕਾ ਉਸ ਨੂੰ ਹਾਂਗਕਾਂਗ ਤੋਂ ਨਾਭਾ

ਲਿਆਂਦਾ ਏ। ਰਮਨਜੀਤ ਰੋਮੀ ਦੇ ਵਕੀਲ ਹਰੀਸ਼ ਮਲਹੋਤਰਾ ਨੇ ਕਿਹਾ ਕਿ ਜਿਵੇਂ ਹਾਂਗਕਾਂਗ ਅਤੇ ਭਾਰਤ ਸਰਕਾਰ ਨੇ ਹਲਫਨਾਮਾ ਦਿੱਤਾ ਸੀ ਕਿ ਰੋਮੀ ਦਾ ਰਿਮਾਂਡ ਨਹੀਂ ਲਿਆ ਜਾਵੇਗਾ ਅਤੇ ਉਸ ਤਹਿਤ ਹੀ ਅਦਾਲਤ ਨੇ ਫੈਸਲਾ ਸੁਣਾਇਆ ਏ।

-----------------------------------------------------

ਪੰਜਾਬ ਵਿਚ ਬੱਚਿਆਂ ਦੇ ਸ਼ੁਰੂਆਤੀ ਬਚਪਨ ਦੀ ਸਿੱਖਿਆ ਲਈ 'ਆਰੰਭ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਏ । ਇਹ ਬੱਚਿਆਂ ਦੀ ਮੁੱਢਲੀ ਸਿੱਖਿਆ ਲਈ ਮਾਪਿਆਂ ਤੇ ਭਾਈਚਾਰਿਆਂ ਨੂੰ ਸ਼ਾਮਲ ਕਰਕੇ ਆਂਗਣਵਾੜੀਆਂ ਵਿੱਚ ਜਾਣ ਵਾਲੇ ਛੋਟੇ ਬੱਚਿਆਂ ਦੇ ਸੰਪੂਰਨ ਵਿਕਾਸ 'ਤੇ ਧਿਆਨ ਕੇਂਦਰਿਤ ਕਰੇਗਾ ਅਤੇ ਨਾਲ ਹੀ ਸ਼ੁਰੂਆਤੀ ਬਚਪਨ ਦੀ ਸਿੱਖਿਆ ਪ੍ਰਦਾਨ ਕਰਕੇ ਆਂਗਨਵਾੜੀਆਂ ਦੇ ਪੱਧਰ ਨੂੰ ਉੱਚਾ ਚੁੱਕੇਗਾ।

***ਹੋਰ ਵੇਰਵੇ ਨਾਲ ਇਹ ਰਿਪੋਰਟ:*** *'ਆਰੰਭ' ਪ੍ਰੋਗਰਾਮ ਕੌਮੀ ਸਿੱਖਿਆ ਨੀਤੀ 2020 ਦੇ ਮੁੱਖ ਸਿਧਾਂਤਾਂ 'ਤੇ ਆਧਾਰਿਤ ਏ ਜਿਹੜੇ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਵਲੋਂ ਸ਼ੁਰੂ ਆਧਾਰਸ਼ਿਲਾ ਅਤੇ 'ਪੋਸ਼ਣ ਭੀ ਪੜ੍ਹਾਈ ਭੀ' ਸਿਖਲਾਈ ਪਾਠਕ੍ਰਮ ਵਰਗੀਆਂ ਕੌਮੀ ਪਹਿਲਕਦਮੀਆਂ ਨਾਲ ਮੇਲ ਖਾਂਦਾ ਏ। ਇਹ ਪ੍ਰੋਗਰਾਮ ਮਾਪਿਆਂ ਦੀ ਰੁਝੇਵਿਆਂ ਦਰਮਿਆਨ ਇੱਛਾ, ਜਾਗਰੂਕਤਾ ਤੇ ਸਹੀ ਵਿਵਹਾਰ ਬਣਾਈ ਰੱਖਣ ਲਈ ਨਿਜੀ ਤੇ ਡਿਜੀਟਲ ਦਖਲਅੰਦਾਜ਼ੀ ਵਾਲੀ ਹਾਈਬ੍ਰਿਡ ਪਹੁੰਚ ਦੀ ਵਰਤੋਂ ਕਰੇਗਾ। ਇਹ ਪਹਿਲਕਦਮੀ ਸੂਬੇ ਤੇ ਵਿਭਾਗ ਦੇ ਜ਼ਿਲ੍ਹਾ ਦਫ਼ਤਰਾਂ ਦੇ ਸਹਿਯੋਗ ਅਤੇ ਭਾਈਵਾਲੀ ਨਾਲ ਸਾਰੀਆਂ ਹੀ ਆਂਗਣਵਾੜੀਆਂ 'ਤੇ*

*ਧਿਆਨ ਕੇਂਦਰਿਤ ਕਰੇਗੀ । ਮਾਪਿਆਂ ਅਤੇ ਅਧਿਆਪਕਾਂ ਨੂੰ ਪ੍ਰਦਾਨ ਕੀਤੀਆਂ ਗਤੀਵਿਧੀਆਂ ਨੂੰ ਸੂਬੇ ਦੇ ਪਾਠਕ੍ਰਮ ਨਾਲ ਜੋੜਿਆ ਜਾਵੇਗਾ, ਜਿਹੜਾ ਸਾਰੇ ਮਾਪਿਆਂ ਲਈ ਘਰ ਤੋਂ ਹੀ ਚਲਾਉਣ ਲਈ ਕਾਫ਼ੀ ਸਰਲ ਵਿਧੀ ਨਾਲ ਤਿਆਰ ਕੀਤਾ ਗਿਆ ਏ ਅਤੇ ਇਸ ਦੇ ਨਾਲ ਹੀ ਬੋਧਾਤਮਕ, ਪੂਰਵ-ਸਾਖਰਤਾ, ਗਿਣਤੀ ਸਬੰਧੀ ਪੂਰਵ ਬੋਧ, ਸਮਾਜਿਕ-ਭਾਵਨਾਤਮਕ ਅਤੇ ਬੱਚਿਆਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰੇਗਾ । ਆਂਗਣਵਾੜੀ ਵਰਕਰਾਂ ਅਤੇ ਮਾਪਿਆਂ ਦਰਮਿਆਨ ਸਰਲ ਤੇ ਆਸਾਨ ਪਹੁੰਚ ਵਾਲੀ ਤਕਨਾਲੋਜੀ ਰਾਹੀਂ ਸਰਗਰਮ ਤੇ ਨਿਰੰਤਰ ਸ਼ਮੂਲੀਅਤ 'ਤੇ ਧਿਆਨ ਕੇਂਦ੍ਰਿਤ ਕਰਕੇ, ਇਸ ਪ੍ਰੋਗਰਾਮ ਦਾ ਉਦੇਸ਼ ਆਂਗਣਵਾੜੀ ਵਿੱਚ ਭਰੋਸਾ, ਮਾਪਿਆਂ ਦੇ ਵਿਵਹਾਰ ਦੇ ਨਾਲ-ਨਾਲ ਬੱਚਿਆਂ ਲਈ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣਾ ਏ ।ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

-----------------------------------------------------

ਭਾਰਤ ਨੇ ਕਤਰ ਕੋਲ ਸਥਾਨਕ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਜ਼ਬਤ ਕਰਨ ਦਾ ਮੁੱਦਾ ਚੁੱਕਿਆ ਏ । ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਸਰੂਪ ਕਤਰ ਦੇ ਅਧਿਕਾਰੀਆਂ ਨੇ ਵਾਪਸ ਕਰ ਦਿੱਤਾ ਏ ਅਤੇ ਦੂਜੇ ਸਰੂਪ ਨੂੰ ਵੀ ਸਤਿਕਾਰ ਸਹਿਤ ਰੱਖਣ ਦਾ ਭਰੋਸਾ ਦਿੱਤਾ ਗਿਆ ਏ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਮੁੱਦੇ 'ਤੇ ਵਿਦੇਸ਼ ਮੰਤਰੀ ਅਤੇ ਕਤਰ ਵਿੱਚ ਭਾਰਤੀ ਰਾਜਦੂਤ ਤੋਂ ਦਖ਼ਲ ਦੇਣ ਦੀ ਮੰਗ ਕੀਤੀ ਸੀ । ਮੀਡੀਆ ਦੇ ਸਵਾਲ ਦੇ ਜਵਾਬ ਵਿੱਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ ਹੀ ਇਹ ਮਾਮਲਾ ਕਤਰ ਕੋਲ ਚੁੱਕਿਆ ਏ ਅਤੇ ਸਾਡੇ ਦੂਤਾਵਾਸ ਨੇ ਦੋਹਾ ਵਿੱਚ ਸਿੱਖ ਭਾਈਚਾਰੇ ਨੂੰ ਘਟਨਾਕ੍ਰਮ ਬਾਰੇ ਜਾਣੂ ਕਰਵਾ ਦਿੱਤਾ ਏ । ਬੁਲਾਰੇ ਨੇ ਕਿਹਾ ਕਿ ਕਤਰ ਦੇ ਅਧਿਕਾਰੀਆਂ ਨੇ ਦੋ ਵਿਅਕਤੀਆਂ ਜਾਂ

ਸਮੂਹਾਂ 'ਤੇ ਕਤਰ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਧਾਰਮਿਕ ਸੰਸਥਾ ਚਲਾਉਣ ਦਾ ਦੋਸ਼ ਲਗਾਇਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਲੈ ਲਏ । ਸਾਡੇ ਦੂਤਾਵਾਸ ਨੇ ਸਥਾਨਕ ਕਾਨੂੰਨਾਂ ਅਤੇ ਨਿਯਮਾਂ ਦੇ ਦਾਇਰੇ ਵਿੱਚ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ।

---------------------------------------------------

**<u>ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>**

- ਦੇਸ਼ ਅੱਜ ਪਹਿਲਾ ਪੁਲਾੜ ਦਿਵਸ ਮਨਾ ਰਿਹਾ ਏ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਇਸ ਮੌਕੇ ਕਿਹਾ ਕਿ ਇਸਰੋ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਅਮੁੱਲ ਯੋਗਦਾਨ ਪਾਇਆ ਏ ।
- ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਨਵਾਂਸ਼ਹਿਰ ਦੇ 'ਰਕਾਸਨ' ਵਿਖੇ ਸਥਿਤ ਭਗਵਾਨ ਪਰਸ਼ੂਰਾਮ ਦੇ ਜਨਮ ਅਸਥਾਨ ਤੇ ਵਿਸ਼ਾਲ ਤੀਰਥ ਅਸਥਾਨ ਦਾ ਨਿਰਮਾਣ ਕਰਨ ਦਾ ਐਲਾਨ ਕੀਤਾ ।
- ਪੰਜਾਬ ਵਿਚ ਬੱਚਿਆਂ ਦੇ ਸ਼ੁਰੂਆਤੀ ਬਚਪਨ ਦੀ ਸਿੱਖਿਆ ਲਈ 'ਆਰੰਭ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਏ ।

- ਵਿਦੇਸ਼ ਮੰਤਰਾਲੇ ਅਨੁਸਾਰ ਨਵੀਂ ਦਿੱਲੀ ਨੇ ਕਤਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਜ਼ਬਤ ਕਰਨ ਦਾ ਮਾਮਲਾ ਕਤਰ ਦੇ ਪੱਖ ਕੋਲ ਚੁੱਕਿਆ ਏ।